ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ..........................
Date ........................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

**ਹੁਕਮ**

ਜਦੋਂ ਕਿ ਵਿਸ਼ਵ ਭਰ ਵਿੱਚ ਕੋਵਿਡ-19 ਮਹਾਂਮਾਰੀ ਦੇ ਵੱਧਦੇ ਹੋਏ ਖੱਤਰੇ ਨੂੰ ਦੇਖਦੇ ਹੋਏ ਭਾਰਤ ਸਰਕਾਰ ਵਲੋਂ ਪੂਰੇ ਦੇਸ਼ ਵਿੱਚ ਤਾਲਾਬੰਦੀ (ਲਾਕਡਾਊਨ) ਦਾ ਐਲਾਨ ਕੀਤਾ ਜਾ ਚੁੱਕਾ ਹੈ। ਕੋਵਿਡ-19 ਮਹਾਮਾਰੀ ਦੀ ਗੰਭੀਰਤਾ ਨੂੰ ਧਿਆਨ ਵਿੱਚ ਰਖਦੇ ਹੋਏ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ National Disaster Management Act, 2005, ਅਤੇ Epidemic Diseases Act, 1897 ਪਹਿਲਾਂ ਹੀ ਇਨਵੋਕ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ।

ਹੁਣ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਜੀ ਦੇ ਦਫਤਰ ਦੇ ਵਲੋਂ ਸ਼ਰਾਬ ਦੇ ਵੈਂਡ ਖੋਲ੍ਹਣ ਸਬੰਧੀ **ਪੱਤਰ ਨੰ. ਅ-1-2020/2850-2882 ਮਿਤੀ- 05.05.2020** ਪ੍ਰਾਪਤ ਹੋਇਆ ਹੈ। ਜਿਸ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਨੂੰ ਮੱਦੇਨਜਰ ਰਖਦੇ ਹੋਏ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਹੁਕਮ ਕੀਤਾ ਜਾਂਦਾ ਹੈ:-

***ਇਹ ਹੁਕਮ Containment Zones ਵਿੱਚ ਲਾਗੂ ਨਹੀਂ ਹੋਣਗੇ, ਭਾਵ Containment Zones ਵਿੱਚ ਸ਼ਰਾਬ ਦੇ ਠੇਕੇ ਬੰਦ ਰਹਿਣਗੇ ਅਤੇ ਸ਼ਰਾਬ ਦੀ ਹੋਮ ਡਲੀਵਰੀ ਦੀ ਆਗਿਆ ਵੀ ਨਹੀਂ ਹੋਵੇਗੀ।***

1. ਆਬਕਾਰੀ ਵਿਭਾਗ, ਪੰਜਾਬ ਦੇ ਉਕਤ ਪੱਤਰ ਵਿੱਚ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਜਿਲ੍ਹਾ ਜਲੰਧਰ ਦੀ ਹਦੂਦ ਅੰਦਰ, Containment Zones ਨੂੰ ਛੱਡ ਕੇ, ਬਾਕੀ ਦੇ ਏਰੀਏ ਵਿੱਚ ਪੈਂਦੇ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੇ ਵੈਂਡ (ਐਲ-2/ਐਲ-14ਏ), ਜੋ ਕਿ ਆਬਕਾਰੀ ਵਿਭਾਗ ਦੀ Excise Policy ਤਹਿਤ ਯੋਗ ਹੋਣ, ਨੂੰ **ਮਿਤੀ- 07.05.2020 ਤੋਂ ਸਵੇਰੇ 07.00 AM ਤੋਂ ਦੁਪਹਿਰ 03.00 PM ਤੱਕ** ਖੋਲ੍ਹਣ ਦੀ ਆਗਿਆ ਦਿੱਤੀ ਜਾਂਦੀ ਹੈ।
2. ਇਸ ਸਮੇਂ ਕੋਵਿਡ-19 ਮਹਾਂਮਾਰੀ ਕਾਰਨ ਦੇਸ਼ ਵਿੱਚ ਲਾਕਡਾਊਨ ਹੈ ਅਤੇ ਪੰਜਾਬ ਵਿੱਚ ਕਰਫਿਊ ਵੀ ਲਗਿਆ ਹੋਇਆ ਹੈ। ਇਸ ਸਬੰਧੀ ਜੋ ਵੀ ਹਦਾਇਤਾਂ ਭਾਰਤ ਸਰਕਾਰ ਵੱਲੋਂ, ਰਾਜ ਸਰਕਾਰ ਵੱਲੋਂ ਅਤੇ ਜਿਲ੍ਹਾ ਪ੍ਰਸ਼ਾਸਨ, ਜਲੰਧਰ ਵਲੋਂ ਕੀਤੀਆਂ ਗਈਆਂ ਹਨ, ਉਨ੍ਹਾਂ ਦੀ ਪਾਲਣਾ ਲਸੰਸੀ ਦੁਆਰਾ ਯਕੀਨੀ ਬਣਾਈ ਜਾਵੇਗੀ। ਖਾਸ ਤੌਰ ਤੇ:-
   a. ਲਸੰਸੀ ਆਪਣੀ ਦੁਕਾਨ ਵਿੱਚ, ਆਪਣੇ ਮੁਲਾਜਮਾਂ ਦਰਮਿਆਨ Social Distancing ਸਰਕਾਰ ਦਾਂ ਹਦਾਇਤਾਂ ਮੁਤਾਬਕ (2 ਗਜ ਦੀ ਦੂਰੀ) ਸੁਨਿਸ਼ਚਿਤ ਕਰਨਗੇ।
   b. ਗ੍ਰਾਹਕਾਂ ਦਰਮਿਆਨ ਸੋਸ਼ਲ ਡਿਸਟੈਂਸਿੰਗ ਲਈ ਜਮੀਨ ਤੇ ਸਫੇਦ ਰੰਗ ਦੇ ਗੋਲਿਆਂ ਦੇ ਨਿਸ਼ਾਨ ਲਗਾਏ ਜਾਣਗੇ।
   c. ਆਪਣੇ ਵੈਂਡ ਉੱਤੇ ਸੈਨੇਟਾਈਜਰ ਅਤੇ ਹੋਰ ਸੈਨੇਟਾਈਜਿੰਗ ਦੇ ਪ੍ਰਬੰਧ, ਜੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਹੋਣ, ਨੂੰ ਰੱਖਣਾ ਯਕੀਨੀ ਬਣਾਉਣਗੇ।
   d. ਸਾਰੇ ਠੇਕਿਆਂ ਤੇ ਸੈਨੇਟਾਈਜੇਸ਼ਨ ਦੇ ਪ੍ਰਬੰਧ ਅਤੇ ਸੋਸ਼ਲ ਡਿਸਟੈਂਸਿੰਗ ਅਤੇ ਕੋਵਿਡ-19 ਸਬੰਧੀ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੀ ਜਿੰਮੇਵਾਰੀ ਸਬੰਧਤ ਏ.ਈ.ਟੀ.ਸੀ ਅਤੇ ਡੀ.ਈ.ਟੀ.ਸੀ, ਜਲੰਧਰ ਦੀ ਹੋਵੇਗੀ।
3. ਪੰਜਾਬ ਆਬਕਾਰੀ ਐਕਟ, 1914 ਅਤੇ ਆਬਕਾਰੀ ਰੂਲਾਂ/ਆਰਡਰਾਂ ਵਿੱਚ ਸ਼ਰਾਬ ਦੀ ਹੋਮ ਡਲੀਵਰੀ ਕਰਨ ਦਾ ਕੋਈ ਪ੍ਰਾਵਧਾਨ ਨਹੀਂ ਹੈ। ਪ੍ਰੰਤੂ ਕੋਵਿਡ-19 ਕਰਾਨ ਅਜਿਹੇ ਹਾਲਾਤ ਪੈਦਾ ਹੋ ਗਏ ਹਨ ਕਿ Social Distancing ਕਾਇਮ ਰੱਖਣੀ ਲਾਜਮੀ ਹੈ। ਇਸ ਲਈ ਲਾਕਡਾਊਨ ਸਮੇਂ ਦੌਰਾਨ ਲਸੰਸੀਆਂ ਨੂੰ ਸ਼ਰਾਬ ਦੀ home delivery ਕਰਨ ਦੀ ਆਗਿਆ ਦਿੱਤੀ ਗਈ ਹੈ। ਲਸੰਸੀ ਵੱਲੋਂ Punjab Medium Liquor ਦੀ home delivery ਕਰਨ ਦੀ ਆਗਿਆ ਨਹੀਂ ਹੋਵੇਗੀ। ਆਬਕਾਰੀ ਵਿਭਾਗ ਵਲੋਂ ਉਕਤ ਪੱਤਰ ਰਾਹੀਂ ਜਾਰੀ ਹਦਾਇਤਾਂ ਦੇ ਪੈਰ੍ਹਾ ਨੰ. 5 ਨੂੰ ਮੁੱਖ ਰਖਦੇ ਹੋਏ ਜਿਲ੍ਹਾ ਜਲੰਧਰ ਵਿੱਚ Containment Zones ਨੂੰ ਛੱਡ ਕੇ, ਬਾਕੀ ਦੇ ਏਰੀਏ ਵਿੱਚ **ਸਵੇਰੇ 08.00 AM ਤੋਂ ਲੈ ਕੇ ਸ਼ਾਮ 06.00 PM ਤੱਕ** ਆਬਕਾਰੀ ਵਿਭਾਗ ਦੇ ਨਿਯਮਾਂ ਅਨੁਸਾਰ ਸ਼ਰਾਬ ਦੀ ਹੋਮ ਡਲੀਵਰੀ ਕਰਨ ਆਗਿਆ ਦਿੱਤੀ ਜਾਂਦੀ ਹੈ। ਹੋਮ ਡਲੀਵਰੀ ਸਬੰਧੀ ਹੇਠ ਲਿਖਿਆ ਸ਼ਰਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ:-
   a. ਸ਼ਰਾਬ ਦੀ ਹੋਮ ਡਲੀਵਰੀ ਕਰਨ ਲਈ ਇੱਕ ਗਰੁੱਪ ਵਿੱਚ ਕੇਵਲ 2 ਵਿਅਕਤੀਆਂ ਨੂੰ ਹੀ ਸ਼ਰਾਬ ਦੀ ਹੋਮ ਡਲੀਵਰੀ ਕਰਨ ਲਈ ਅਧਿਕਾਰਤ ਕੀਤਾ ਜਾਵੇਗਾ। ਜਿਹੜਾ ਵਿਅਕਤੀ ਹੋਮ ਡਲੀਵਰੀ ਕਰਨ ਲਈ ਅਧਿਕਾਰਤ ਹੋਵੇਗਾ ਉਸ ਕੋਲ ਕਰਫਿਊ ਪਾਸ ਦਾ ਹੋਣਾ ਲਾਜਮੀ ਹੋਵੇਗਾ।
   b. ਹੋਮ ਡਲੀਵਰੀ ਵਾਸਤੇ ਅਧਿਕਾਰਤ ਵਿਅਕਤੀ ਕੇਵਲ ਉਸੇ ਵਹੀਕਲ ਦਾ ਇਸਤੇਮਾਲ ਕਰ ਸਕੇਗਾ ਜਿਸ ਸਬੰਧੀ ਲਸੰਸੀ ਵਲੋਂ ਜਿਲ੍ਹੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਤੋਂ ਪੂਰਵ ਪ੍ਰਵਾਨਗੀ ਪ੍ਰਾਪਤ ਕੀਤੀ ਹੋਵੇਗੀ। ਗੱਡੀ ਦਾ ਕਰਫਿਊ ਪਾਸ ਬਣਿਆ ਹੋਣਾ ਵੀ ਜਰੂਰੀ ਹੋਵੇਗਾ।

ਜ਼ਿਲ੍ਹਾ ਮੈਜਿਸਟਰੇਟ ਜਲੰਧਰ

No. ..........................
Date ........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in

c. ਹੋਮ ਡਲੀਵਰੀ ਕਰਨ ਵੇਲੇ ਅਧਿਕਾਰਤ ਵਿਅਕਤੀ ਕੋਲ ਹਰ ਸਮੇਂ ਉਸ ਕੋਲ ਮੌਜੂਦਾ ਸ਼ਰਾਬ ਦਾ ਕੈਸ਼ ਮੀਮੋ ਹੋਣਾ ਲਾਜਮੀ ਹੋਵੇਗਾ। ਸ਼ਰਾਬ ਦੀ ਹੋਮ ਡਲੀਵਰੀ ਕਰਨ ਵੇਲੇ ਇੱਕ ਆਰਡਰ ਦੇ 2 ਲਿਟਰ ਤੋਂ ਵੱਧ ਸਪਲਾਈ ਨਹੀਂ ਕੀਤੀ ਜਾਵੇਗੀ। Punjab Intoxicant License and Sales Orders 1956 ਦੇ ਆਰਡਰ 17 ਅਨੁਸਾਰ ਲਸੰਸੀ ਵਲੋਂ ਕੁਝ ਵਿਅਕਤੀਆਂ ਨੂੰ ਸ਼ਰਾਬ ਵੇਚਣ ਦੀ ਮਨਾਹੀ ਹੈ। ਹੋਮ ਡਲੀਵਰੀ ਵਿੱਚ ਵੀ ਇਸ ਆਰਡਰ ਤਹਿਤ ਉਪਬੰਧ ਲਾਗੂ ਰਹਿਣਗੇ।

d. ਹੋਮ ਡਲੀਵਰੀ ਕਰਨ ਵਾਲੇ ਵਿਅਕਤੀਆਂ ਨੂੰ ਲੋੜੀਂਦੇ ਈ-ਕਰਫਿਊ ਪਾਸ ਜਾਰੀ ਕਰਨ ਦੀ ਜਿੰਮੇਵਾਰੀ ਸਬੰਧਤ ਉਪ ਮੰਡਲ ਮੈਜਿਸਟਰੇਟ ਦੀ ਹੋਵੇਗੀ। ਜੇਕਰ ਆਬਕਾਰੀ ਵਿਭਾਗ ਵਲੋਂ ਡੀ.ਸੀ ਦਫਤਰ ਨਾਲ ਕੋਈ ਤਾਲਮੇਲ ਕਰਨ ਦੀ ਲੋੜ ਹੋਵੇਗੀ ਤਾਂ ਇਸ ਸਬੰਧੀ ਸ੍ਰੀ ਰਣਦੀਪ ਸਿੰਘ ਗਿੱਲ, ਪੀ.ਸੀ.ਐਸ, ਸਹਾਇਕ ਕਮਿਸ਼ਨਰ (ਸ਼ਿ), ਜਲੰਧਰ ਨੂੰ ਨੋਡਲ ਅਫਸਰ ਲਗਾਇਆ ਜਾਂਦਾ ਹੈ।

ਆਬਕਾਰੀ ਵਿਭਾਗ ਦੇ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਨਾਉਣ ਦੀ ਜਿੰਮੇਵਾਰੀ ਸਮੂਹ ਲਸੰਸੀਆਂ, ਸਬੰਧਤ ਏ.ਈ.ਟੀ.ਸੀ ਅਤੇ ਡੀ.ਈ.ਟੀ.ਸੀ, ਜਲੰਧਰ ਦੀ ਹੋਵੇਗੀ। ਉਕਤ ਪੱਤਰ ਵਿੱਚ ਦਰਜ ਹਦਾਇਤਾਂ ਅਤੇ Excise Policy ਦੀ ਉਲੰਘਨਾ ਨਹੀਂ ਕੀਤੀ ਜਾਵੇਗੀ। ਜੇਕਰ ਇਨ੍ਹਾਂ ਹੁਕਮਾਂ ਦੀ ਉਲੰਘਨਾ ਕਰਦੇ ਹੋਏ ਕਿਸੇ ਵਲੋਂ Containment Zones ਵਿੱਚ ਸ਼ਰਾਬ ਦੀ ਵਿਕਰੀ ਕੀਤੀ ਜਾਂਦੀ ਹੈ ਤਾਂ ਉਸ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਜਿਲ੍ਹਾ ਮੈਜਿਸਟਰੇਟ,**
**ਜਲੰਧਰ।**

**ਪਿੱਠ ਅੰਕਣ ਨੰ. 7781-7795 /ਐਮ.ਸੀ.4/ਐਮ.ਏ ਮਿਤੀ- 06.05.2020**

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
3. ਕਮਿਸ਼ਨਰ ਆਫ ਪੁਲਿਸ ਜਲੰਧਰ
4. ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
5. ਡੀ.ਈ.ਟੀ.ਸੀ, ਜਲੰਧਰ
6. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ
7. ਸਹਾਇਕ ਕਮਿਸ਼ਨਰ (ਸ਼ਿ), ਜਲੰਧਰ
8. ਸਮੂਹ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਜਲੰਧਰ
9. ਜਿਲ੍ਹਾ ਲੋਕ ਸਪੰਰਕ ਅਫਸਰ, ਜਲੰਧਰ
10. ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼ਿ)

**ਵਾ. ਜਿਲ੍ਹਾ ਮੈਜਿਸਟਰੇਟ,**
**ਜਲੰਧਰ।**